# ਬ੍ਰੈਂਪਟਨ ਸਿਟੀ ਹਾਲ ਵਿਖੇ 20 ਅਤੇ 21 ਅਕਤੂਬਰ ਅਤੇ 17 ਅਤੇ 18 ਨਵੰਬਰ ਨੂੰ ਸਿਰਫ਼ ਤੈਅ ਮੁਲਾਕਾਤ ਦੁਆਰਾ ਪ੍ਰਾਪਰਟੀ ਟੈਕਸ ਭੁਗਤਾਨ ਕਰਨ ਦਾ ਸਮਾਂ ਵਧਾ ਦਿੱਤਾ ਗਿਆ ਹੈ

ਬ੍ਰੈਂਪਟਨ, ਓਨਟੈਰੀਓ (15 ਅਕਤੂਬਰ, 2020) – ਸਿਟੀ ਨੇ ਨਿਵਾਸੀਆਂ ਅਤੇ ਕਾਰੋਬਾਰੀਆਂ ਲਈ, ਉਹਨਾਂ ਦੇ ਪ੍ਰਾਪਰਟੀ ਟੈਕਸਾਂ ਦਾ ਭੁਗਤਾਨ ਕਰਨ ਲਈ, ਸਿਟੀ ਹਾਲ (City Hall) ਵਿਖੇ ਹੇਠਾਂ ਦਿੱਤੀਆਂ ਤਾਰੀਖਾਂ ਨੂੰ ਇਸਦਾ ਸਮਾਂ ਵਧਾ ਦਿੱਤਾ ਹੈ:

- ਮੰਗਲਵਾਰ, 20 ਅਕਤੂਬਰ
- ਬੁੱਧਵਾਰ, 21 ਅਕਤੂਬਰ
- ਮੰਗਲਵਾਰ, 17 ਨਵੰਬਰ
- ਬੁੱਧਵਾਰ, 18 ਨਵੰਬਰ

ਸੰਚਾਲਨ ਦਾ ਵਧਿਆ ਸਮਾਂ ਸਵੇਰੇ 8:30 ਵਜੇ ਤੋਂ ਰਾਤ 8 ਵਜੇ ਤੱਕ ਹੋਵੇਗਾ। ਸਿਟੀ ਹਾਲ ਵਿਖੇ ਪ੍ਰਾਪਰਟੀ ਟੈਕਸਾਂ ਦਾ ਭੁਗਤਾਨ ਕਰਨ ਲਈ, ਨਿਵਾਸੀਆਂ ਲਈ ਪਹਿਲਾਂ ਤੋਂ ਹੀ, ਸਿਟੀ ਆਫ ਬ੍ਰੈਂਪਟਨ ਦੀ ਵੈਬਸਾਈਟ (City of Brampton website) ਤੇ ਮੁਲਾਕਾਤ ਬੁੱਕ ਕਰਨਾ ਲਾਜ਼ਮੀ ਹੈ।

ਪ੍ਰਾਪਰਟੀ ਟੈਕਸ ਦੀਆਂ ਨਿਯਤ ਤਾਰੀਖਾਂ ਇੱਥੇ (here) ਦੇਖੀਆਂ ਜਾ ਸਕਦੀਆਂ ਹਨ।

ਨਿਵਾਸੀਆਂ ਨੂੰ ਯਾਦ ਕਰਾਇਆ ਜਾਂਦਾ ਹੈ ਕਿ ਸਿਟੀ ਦੀਆਂ ਵਿਅਕਤੀਗਤ ਸੇਵਾਵਾਂ ਲਈ, ਸਿਟੀ ਦੀਆਂ ਫੈਸਿਲਿਟੀਜ ਵਿਖੇ ਜਾਣ ਤੋਂ ਪਹਿਲਾਂ ਮੁਲਾਕਾਤ ਬੁੱਕ ਕਰਨਾ ਜ਼ਰੂਰੀ ਹੈ। ਬਿਨਾਂ ਮੁਲਾਕਾਤ ਬੁੱਕ ਕੀਤੇ ਆਉਣ ਦੀ ਇਜਾਜ਼ਤ ਨਹੀਂ ਹੈ। ਮੁਲਾਕਾਤਾਂ ਸਿਟੀ ਦੀ ਵੈਬਸਾਈਟ (City's website) ਤੇ ਬੁੱਕ, ਰੀਸ਼ੈਡਿਊਲ ਅਤੇ ਰੱਦ ਕੀਤੀਆਂ ਜਾ ਸਕਦੀਆਂ ਹਨ।

ਪ੍ਰਾਪਰਟੀ ਟੈਕਸਾਂ (property taxes) ਦਾ ਭੁਗਤਾਨ ਕਰਨ ਦੇ ਕਈ ਵਿਕਲਪਿਕ ਸੁਰੱਖਿਅਤ ਅਤੇ ਸੁਵਿਧਾਜਨਕ ਤਰੀਕੇ ਹਨ:

- ਬੈਂਕ ਜਾਂ ਹੋਰ ਵਿੱਤੀ ਸੰਸਥਾਨ ਵਿਖੇ
- ਵਿੱਤੀ ਸੰਸਥਾਨਾਂ ਦੁਆਰਾ ਇੰਟਰਨੈੱਟ/ਟੈਲੀਫੋਨ ਬੈਂਕਿੰਗ
- ਚੈੱਕ
- ਪ੍ਰੀ-ਅਥਾੱਰਾਈਜ਼ਡ ਟੈਕਸ ਭੁਗਤਾਨ ਪਲਾਨ

ਹੋਰ ਜਾਣਕਾਰੀ ਲਈ, www.brampton.ca ਤੇ ਜਾਓ।

ਇਸ ਮਹੀਨੇ ਦੇ ਸ਼ੁਰੂ ਵਿੱਚ, ਸਿਟੀ ਕਾਉਂਸਿਲ (City Council) ਨੇ ਬਕਾਇਆ ਪ੍ਰਾਪਰਟੀ ਟੈਕਸ ਭੁਗਤਾਨਾਂ ਲਈ, ਸਾਰੇ ਵਿਆਜ ਅਤੇ ਜੁਰਮਾਨਿਆਂ ਨੂੰ 31 ਦਸੰਬਰ ਤੱਕ ਸਥਗਿਤ ਕਰਨ ਦੀ ਪ੍ਰਵਾਨਗੀ (approved) ਦਿੱਤੀ ਸੀ, ਤਾਂ ਜੋ ਇਸ ਮੁਸ਼ਕਲ ਸਮੇਂ ਵਿੱਚ ਨਿਵਾਸੀਆਂ ਅਤੇ ਕਾਰੋਬਾਰੀਆਂ ਨੂੰ ਵਾਧੂ ਆਰਥਿਕ ਰਾਹਤ ਪ੍ਰਦਾਨ ਕੀਤੀ ਜਾ ਸਕੇ। ਉਸ ਸਮੇਂ ਕਿਸੇ ਵੀ ਬਕਾਇਆ ਰਕਮ ਤੇ ਲੱਗਣ ਵਾਲੇ ਹੋਰ ਜੁਰਮਾਨੇ ਅਤੇ ਵਿਆਜ ਤੋਂ ਬਚਣ ਲਈ, 31 ਦਸੰਬਰ ਤੋਂ ਪਹਿਲਾਂ, ਸਿਟੀ ਨੂੰ ਲਾਜ਼ਮੀ ਤੌਰ ਤੇ ਪੂਰੀ ਰਕਮ ਦਾ ਭੁਗਤਾਨ ਮਿਲ ਜਾਣਾ ਚਾਹੀਦਾ ਹੈ।

ਮੁਲਾਕਾਤਾਂ ਦੀ ਬੁਕਿੰਗ ਜਾਂ ਪ੍ਰਾਪਰਟੀ ਟੈਕਸ ਭੁਗਤਾਨਾਂ ਸਬੰਧੀ ਸਵਾਲਾਂ ਲਈ, ਕਿਰਪਾ ਕਰਕੇ 24/7 ਮਦਦ ਤੱਕ ਪਹੁੰਚ ਲਈ 311 ਤੇ ਫੋਨ ਕਰੋ ਜਾਂ 311@brampton.ca ਤੇ ਈਮੇਲ ਕਰੋ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca